# Registration starts for participation in 12th World Hindi Conference in Fiji

December 06, 2022

.......................................................................................................................................................

## ਫਿਜੀ ਵਿੱਚ 12ਵੀਂ ਵਿਸ਼ਵ ਹਿੰਦੀ ਕਾਨਫਰੰਸ ਵਿੱਚ ਹਿੱਸਾ ਲੈਣ ਲਈ ਰਜਿਸਟ੍ਰੇਸ਼ਨ ਹੋਇਆ ਸ਼ੁਰੂ

**6 ਦਸੰਬਰ, 2022**

ਫਿਜੀ ਵਿੱਚ 12ਵੀਂ ਵਿਸ਼ਵ ਹਿੰਦੀ ਕਾਨਫਰੰਸ ਵਿੱਚ ਹਿੱਸਾ ਲੈਣ ਲਈ ਆਨਲਾਈਨ ਰਜਿਸਟ੍ਰੇਸ਼ਨ www.vishwahindisammelan.gov.in 'ਤੇ 6 ਦਸੰਬਰ 2022 ਤੋਂ ਸ਼ੁਰੂ ਹੋਇਆ। ਭਾਗੀਦਾਰਾਂ ਲਈ ਰਜਿਸਟ੍ਰੇਸ਼ਨ ਫ਼ੀਸ ਹੇਠ ਲਿਖੇ ਅਨੁਸਾਰ ਹੈ: ਭਾਰਤੀ ਨਾਗਰਿਕ: 2000 ਰੁਪਏ, ਭਾਰਤੀ ਵਿਦਿਆਰਥੀ, 500 ਰੁਪਏ, ਵਿਦੇਸ਼ੀ: 50 ਅਮਰੀਕੀ ਡਾਲਰ, ਵਿਦੇਸ਼ੀ ਵਿਦਿਆਰਥੀ: 10 ਅਮਰੀਕੀ ਡਾਲਰ. ਫੀਸ ਦਾ ਭੁਗਤਾਨ ਵੈੱਬਸਾਈਟ 'ਤੇ ਦਿੱਤੇ ਗਏ ਵੇਰਵੇ ਅਨੁਸਾਰ ਇੰਟਰਨੈਟ ਬੈਂਕਿੰਗ ਜਾਂ ਕਿਸੇ ਵੀ ਵੈਧ ਡੈਬਿਟ/ਕ੍ਰੈਡਿਟ ਕਾਰਡ ਰਾਹੀਂ ਕੀਤਾ ਜਾ ਸਕਦਾ ਹੈ। ਵੱਧ ਭਾਗੀਦਾਰੀ ਨੂੰ ਉਤਸ਼ਾਹਿਤ ਕਰਨ ਲਈ ਪਿਛਲੀ ਕਾਨਫਰੰਸ ਦੇ ਮੁਕਾਬਲੇ ਫ਼ੀਸ ਘਟਾਈ ਗਈ ਹੈ।

12ਵੀਂ ਵਿਸ਼ਵ ਹਿੰਦੀ ਕਾਨਫਰੰਸ (WHC-12) ਵਿਦੇਸ਼ ਮੰਤਰਾਲੇ ਦੁਆਰਾ ਫਿਜੀ ਸਰਕਾਰ ਦੇ ਸਹਿਯੋਗ ਨਾਲ 15-17 ਫਰਵਰੀ, 2023 ਤੱਕ ਫਿਜੀ ਦੇ ਨਾਦੀ ਵਿਖੇ ਕਰਾਈ ਜਾ ਰਹੀ ਹੈ। ਕਾਨਫਰੰਸ ਦਾ ਮੁੱਖ ਵਿਸ਼ਾ ਹੈ "ਹਿੰਦੀ: ਰਿਵਾਇਤੀ ਗਿਆਨ ਤੋਂ ਆਰਟੀਫੀਸ਼ੀਅਲ ਇੰਟੈਲੀਜੈਂਸ ਤੱਕ"। ਕਾਨਫਰੰਸ ਲਈ ਵੈੱਬਸਾਈਟ ਅਤੇ ਲੋਗੋ ਅਕਤੂਬਰ, 2022 ਵਿੱਚ ਨਵੀਂ ਦਿੱਲੀ ਵਿਖੇ ਵਿਦੇਸ਼ ਮੰਤਰੀ ਡਾ. ਐੱਸ. ਜੈਸ਼ੰਕਰ ਦੁਆਰਾ ਲਾਂਚ ਕੀਤਾ ਗਿਆ ਸੀ।

ਵੈੱਬਸਾਈਟ ਵਿੱਚ ਪਿਛਲੀਆਂ ਵਿਸ਼ਵ ਹਿੰਦੀ ਕਾਨਫ਼ਰੰਸਾਂ ਬਾਰੇ ਜਾਣਕਾਰੀ ਦੇ ਨਾਲ-ਨਾਲ ਫਿਜੀ ਵਿੱਚ ਸੈਲਾਨੀਆਂ ਲਈ 12ਵੀਂ ਵਿਸ਼ਵ ਹਿੰਦੀ ਕਾਨਫਰੰਸ, ਵੀਜ਼ਾ ਦੀਆਂ ਲੋੜਾਂ, ਰਿਹਾਇਸ਼ ਅਤੇ COVID -19 ਦਿਸ਼ਾ-ਨਿਰਦੇਸ਼ਾਂ ਆਦਿ ਬਾਰੇ ਸਬੰਧਿਤ ਜਾਣਕਾਰੀ ਸ਼ਾਮਲ ਹੈ। 12ਵੀਂ ਵਿਸ਼ਵ ਹਿੰਦੀ ਕਾਨਫਰੰਸ ਦੇ ਪ੍ਰੋਗਰਾਮ ਅਤੇ ਅਕਾਦਮਿਕ ਸੈਸ਼ਨਾਂ ਬਾਰੇ ਵਿਸਥਾਰਤ ਜਾਣਕਾਰੀ ਨਾਲ ਵੈਬਸਾਈਟ ਨੂੰ ਜਲਦੀ ਹੀ ਅਪਡੇਟ ਕੀਤਾ ਜਾਵੇਗਾ।

ਨਵੀਂ ਦਿੱਲੀ

6 ਦਸੰਬਰ, 2022

DISCLAIMER: This is an approximate translation. The original is available in English on MEA's website and may be referred to as the official press release.